ਸੈਸ਼ਨ 2020-21

ਸ਼ੀਟ ਨੰ: 15

DEPARTMENT OF SCHOOL EDUCATION

# ਈ-ਸ਼ਬਦ




## ਅੱਜ ਦਾ ਸ਼ਬਦ "ਡਿਵਾਈਸ ਡਰਾਈਵਰ"

"ਡਿਵਾਈਸ ਡਰਾਈਵਰ" ਉਹ ਸਿਸਟਮ ਸਾਫਟਵੇਅਰ (System Sofware) ਹੁੰਦੇ ਹਨ ਜਿੰਨ੍ਹਾਂ ਦੀ ਮਦਦ ਨਾਲ ਕੰਪਿਊਟਰ ਨਾਲ ਜੋੜੇ ਗਏ ਕਿਸੇ ਵੀ ਹਾਰਡਵੇਅਰ (Hardware) ਉਪਕਰਣ ਨਾਲ ਸੰਚਾਰ ਕੀਤਾ ਜਾਂਦਾ ਹੈ ਅਤੇ ਉਸ ਦੀ ਵਰਤੋਂ ਕੀਤੀ ਜਾਂਦੀ ਹੈ। ਅਸੀਂ ਜਾਣਦੇ ਹਾਂ ਕਿ ਹਰੇਕ ਉਪਕਰਣ ਵਿੱਚ ਪਹਿਲਾਂ ਤੋਂ ਹੀ ਫਰਮਵੇਅਰ (Firmware) ਸਟੋਰ ਕੀਤੇ ਹੁੰਦੇ ਹਨ ਜੋ ਕਿ ਉਸ ਉਪਕਰਣ ਦੀ ਅੰਦਰੂਨੀ ਕਾਰਜ-ਪ੍ਰਣਾਲੀ ਨੂੰ ਕੰਟਰੋਲ (Control) ਕਰਦੇ ਹਨ। ਇਹਨਾਂ ਉਪਰਕਣਾਂ ਨੂੰ ਕੰਪਿਊਟਰ ਨਾਲ ਜੋੜਨ ਅਤੇ ਲੋੜੀਂਦੇ ਕੰਮ ਕਰਨ ਯੋਗ ਬਣਾਉਣ ਲਈ ਇਹਨਾਂ ਉਪਕਰਣਾਂ ਦੇ ਅੰਦਰੂਨੀ ਕੰਮਾਂ ਦਾ ਤਾਲਮੇਲ ਸਾਡੇ ਆਪ੍ਰੇਟਿੰਗ ਸਿਸਟਮ (Operating System) ਨਾਲ ਹੋਣਾ ਲਾਜ਼ਮੀ ਹੁੰਦਾ ਹੈ। ਇਸੇ ਹੀ ਮੰਤਵ ਲਈ ਉਪਕਰਣ ਬਣਾਉਣ ਵਾਲੀ ਕੰਪਨੀ ਦੁਆਰਾ ਉਸਦੇ ਨਾਲ ਸੀ.ਡੀ. (CD) ਜਾਂ ਆਨਲਾਈਨ (Online) ਮਾਧਿਅਮ ਰਾਹੀਂ ਡਿਵਾਇਸ ਡਰਾਈਵਰ (Device Drivers) ਨਾਂ ਦੇ ਸਿਸਟਮ ਸਾਫਟਵੇਅਰ ਮੁਹੱਇਆ ਕਰਵਾਏ ਜਾਂਦੇ ਹਨ ਤਾਂ ਜੋ ਇਹਨਾਂ ਉਪਕਰਣਾਂ ਨੂੰ ਆਪ੍ਰੇਟਿੰਗ ਸਿਸਟਮ ਨਾਲ ਜੋੜ ਕੇ ਵਰਤਿਆ ਜਾ ਸਕੇ।

ਕੁਝ ਆਮ ਵਰਤੇ ਜਾਣ ਵਾਲੇ ਉਪਕਰਣ ਜਿਵੇਂ ਪੈਂਨ ਡਰਾਇਵ (Pen Drive), ਵਾਇਰਲੈੱਸ ਮਾਊਸ (Wireless Mouse) ਆਦਿ ਦੇ ਡਿਵਾਇਸ ਡਰਾਈਵਰ ਆਪ੍ਰੇਟਿੰਗ ਸਿਸਟਮ ਵਿੱਚ ਪਹਿਲਾਂ ਹੀ ਸਟੋਰ ਕੀਤੇ ਹੁੰਦੇ ਹਨ। ਜਦੋਂ ਇਹਨਾਂ ਉਪਕਰਣਾਂ ਨੂੰ ਕੰਪਿਊਟਰ ਨਾਲ ਜੋੜਿਆ ਜਾਂਦਾ ਹੈ ਤਾਂ ਬਿਨਾਂ ਯੂਜ਼ਰ (User) ਇੰਟਰੈਕਸ਼ਨ (Interaction) ਇਹ ਡਰਾਇਵਰ (Driver) ਆਪਣੇ ਆਪ ਲੋਡ (Load) ਹੋ ਜਾਂਦੇ ਹਨ ਤੇ ਉਪਕਰਣ ਵਰਤੋਂ ਯੋਗ ਹੋ ਜਾਂਦਾ ਹੈ। ਅਜਿਹੇ ਉਪਕਰਣਾਂ ਨੂੰ ਪਲੱਗ-ਐਂਡ-ਪਲੇਅ (Plug and Play-PnP) ਉਪਕਰਣ ਕਿਹਾ ਜਾਂਦਾ ਹੈ।

## Word of the Day is "**Device Drivers**"

"Device Drivers" are those System Softwares with the help of which any hardware device connected to a computer can communicate. We already know that each device is having pre-stored firmware in them which controls the internal functioning of the device. To connect these devices with computer and make them working, it is mandatory to synchronize the internal process with operating System. For this purpose, System software named Device Drivers are provided by its manufacturing company through CD or online medium so that these devices can be connected to underlying operating system.

Device Drivers of some of the commonly used devices like Pen Drive, Wireless Mouse etc. are already included in operating system. When these devices are attached with the computer then these device drivers are automatically installed without user interaction to make a device usable. Such types of devices are known as "Plug and Play" Devices.

### ਰੋਚਕ ਤੱਥ:-

**ਵਿੰਡੋ-98 ਜੂਨ 2002 ਤੱਕ ਵਰਤਿਆ ਜਾਣ ਵਾਲਾ ਆਪ੍ਰੇਟਿੰਗ ਸਿਸਟਮ ਸੀ। ਇਸ ਵਿੱਚ ਸਾਡੇ ਦੁਆਰਾ ਵਰਤੀ ਜਾਂਦੀ ਪੈਂਨ ਡਰਾਇਵ ਲਈ ਵੀ ਡਿਵਾਇਸ ਡਰਾਇਵਰ ਸਟੋਰ ਕਰਨੇ ਪੈਂਦੇ ਸਨ।**

### Interesting Facts:-

Window 98 was an operating system being used till June 2002. We have to install device drivers for Pen drive also in this operating system.